Punjab Vigilance Bureau

**Vigilance nabs JE, head constable taking bribes in two cases**

Chandigarh, December 11 : State Vigilance Bureau, today nabbed a Junior Engineer (JE) and a head constable (HC) Sukhdev Singh along with his accomplice red handed while accepting bribes in two different cases.

Disclosing this here an official spokesperson of the Vigilance Bureau said Parminder Singh JE, PSPCL posted at Khanna, Ludhiana district was nabbed red handed on the complaint of Ravi Mashal of Khanna for taking bribe of Rs. 20,000. The complainant has approached the VB and alleged that the accused JE was demanding Rs 20,000 more to shift electricity poles from a residential plot as the deal was struck at Rs. one lakh. He informed that he had already paid Rs. 80,000 in two installments to the accused official to accomplish this work.

After verifying his information, the Vigilance team from Ludhiana laid a trap and the accused was arrested on the spot taking bribe of Rs. 20,000 from the complainant in the presence of two official witnesses.

In another case HC Sukhdev Singh (656/1st IRB) posted in excise department Jalandhar and a private person Amru, his accomplice, were nabbed red handed by the vigilance bureau. The spokesperson informed that both the accused were arrested on the complaint of Dev Raj of village Batura, Jalandhar district who is working as tubewell operator in water supplies department. The complainant has approached the VB and alleged that the accused police official was demanding Rs 10,000 for not to involve him in excise a case and the deal was struck at Rs. 8,000.

After verifying his information, the Vigilance team from Jalandhar laid a trap and both the accused were arrested on the spot taking bribe of Rs. 8,000 from the complainant in the presence of two official witnesses. He informed that two cases under different sections of prevention of corruption act have been registered against all the accused at VB police station Ludhiana and Jalandhar respectively and further investigations were under progress.

----------------

ਪੰਜਾਬ ਵਿਜੀਲੈਂਸ ਬਿਓਰੋ

**ਵਿਜੀਲੈਂਸ ਵੱਲੋਂ ਰਿਸ਼ਵਤ ਲੈਂਦਾ ਜੇ.ਈ. ਤੇ ਹੌਲਦਾਰ ਸਾਥੀ ਸਣੇ ਰੰਗੇ ਹੱਥੀਂ ਕਾਬੂ**

ਚੰਡੀਗੜ੍ਹ, 11 ਦਸੰਬਰ : ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਪੀ.ਐਸ.ਪੀ.ਸੀ.ਐਲ. ਦੇ ਜੂਨੀਅਰ ਇੰਜੀਨੀਅਰ (ਜੇ.ਈ.) ਅਤੇ ਆਬਕਾਰੀ ਵਿਭਾਗ ਵਿੱਚ ਤਾਇਨਾਤ ਹੌਲਦਾਰ ਸੁਖਦੇਵ ਸਿੰਘ ਤੇ ਉਸਦੇ ਇੱਕ ਸਾਥੀ ਨੂੰ ਦੋ ਵੱਖ ਵੱਖ ਕੇਸਾਂ ਵਿੱਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਖੰਨਾ ਜਿਲਾ ਲੁਧਿਆਣਾ ਵਿਖੇ ਤਾਇਨਾਤ ਜੇਈ ਪਰਮਿੰਦਰ ਸਿੰਘ ਨੂੰ ਸ਼ਿਕਾਇਤਕਰਤਾ ਰਵੀ ਮਸ਼ਾਲ ਵਾਸੀ ਖੰਨਾ ਦੀ ਸ਼ਿਕਾਇਤ ’ਤੇ ਫ਼ੜਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਜੇ.ਈ. ਨੇ ਉਨਾਂ ਦੇ ਪਲਾਟ ਵਿੱਚੋਂ ਲੰਘਦੇ ਬਿਜਲੀ ਦੇ ਖੰਬੇ ਹਟਾਉਣ ਲਈ 1,20,000 ਰੁਪਏ ਮੰਗੇ ਸਨ ਪਰ ਸੌਦਾ 1,00,000 ਰੁਪਏ ਵਿੱਚ ਤੈਅ ਹੋ ਗਿਆ। ਇਸ ਤੋਂ ਪਹਿਲਾਂ ਹੀ ਉਹ 80,000 ਰੁਪਏ ਦੋ ਕਿਸ਼ਤਾਂ ਵਿੱਚ ਇਸੇ ਕੰਮ ਲਈ ਦੋਸ਼ੀ ਜੇ.ਈ. ਨੂੰ ਦੇ ਚੁੱਕਾ ਹੈ ਪਰ ਉਹ ਹਾਲੇ ਵੀ ਇਸੇ ਕੰਮ ਨੂੰ ਕਰਨ ਬਦਲੇ 20,000 ਰੁਪਏ ਹੋਰ ਮੰਗ ਰਿਹਾ ਹੈ। ਵਿਜੀਲੈਂਸ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਜੇ.ਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ ’ਤੇ ਹੀ ਦਬੋਚ ਲਿਆ।

ਇਸੇ ਤਰਾਂ ਭਿਸ਼ਟਾਚਾਰ ਦੇ ਇੱਕ ਹੋਰ ਕੇਸ ਵਿੱਚ ਵਿਜੀਲੈਂਸ ਬਿਓਰੋ ਨੇ ਹੌਲਦਾਰ ਸੁਖਦੇਵ ਸਿੰਘ ਅਤੇ ਅਮਰੂ ਨਾਮ ਦੇ ਇੱਕ ਪ੍ਰਾਈਵੇਟ ਵਿਅਕਤੀ ਨੂੰ ਸ਼ਿਕਾਇਤਕਰਤਾ ਦੇਵ ਰਾਜ ਵਾਸੀ ਪਿੰਡ ਬਤੂਰਾ ਜਿਲ੍ਹਾ ਜਲੰਧਰ ਦੀ ਸ਼ਿਕਾਇਤ ’ਤੇ ਫ਼ੜਿਆ ਹੈ। ਜਲ ਸਪਲਾਈ ਵਿਭਾਗ ਵਿੱਚ ਟਿਊਬਵੈਲ ਅਪਰੇਟਰ ਵਜੋ ਤਾਇਨਾਤ ਸ਼ਿਕਾਇਤਕਰਤਾ ਨੇ ਵਿਜੀਲੈਂਸ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਹੌਲਦਾਰ ਨੇ ਉਸ ਤੋਂ ਰਾਹ ਵਿੱਚ ਜਾਂਦੇ ਸਮੇਂ ਦੇਸੀ ਦਾਰੂ ਦੀਆਂ ਦੋ ਬੋਤਲਾਂ ਫੜੀਆਂ ਸਨ ਪਰ ਉਹ ਉਸ ਉਪਰ ਦਾਰੂ ਦੀ ਪੇਟੀ ਦਾ ਕੇਸ ਪਾਉਣ ਦਾ ਡਰਾਵਾ ਦੇ ਕੇ 10,000 ਰੁਪਏ ਦੀ ਮੰਗ ਕਰ ਰਿਹਾ ਹੈ ਅਤੇ ਸੌਦਾ 8,000 ਰੁਪਏ ਵਿਚ ਤੈਅ ਹੋਇਆ ਹੈ।

ਵਿਜੀਲੈਂਸ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਹੌਲਦਾਰ ਅਤੇ ਉਸ ਦੇ ਵਿਚੋਲੇ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 8,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ ’ਤੇ ਹੀ ਦਬੋਚ ਲਿਆ। ਉਨਾਂ ਦੱਸਿਆ ਕਿ ਉਕਤ ਤਿੰਨਾਂ ਦੋਸ਼ੀਆਂ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕ੍ਰਮਵਾਰ ਵਿਜੀਲੈਂਸ ਬਿਓਰੋ ਦੇ ਥਾਣਾ ਲੁਧਿਆਣਾ ਅਤੇ ਜਲੰਧਰ ਵਿਖੇ ਮੁਕੱਦਮੇ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

---------------